ਸਾਡੀ ਗਿਣਤੀ ਕਰੋ 2020

ਗਿਣੇ ਜਾਣ ਵਿਚ ਸ਼ਕਤੀ ਹੈ

ASIAN AMERICANS ADVANCING JUSTICE

COUNTUSIN2020.ORG

# ਜਨਗਿਣਤੀ 101

***ਸਵਾਲ? ਅੰਗ੍ਰੇਜ਼ੀ ਅਤੇ ਹੋਰ ਭਾਸ਼ਾਵਾਂ ਵਿੱਚ ਸਹਾਇਤਾ ਲਈ ਸਾਡੀ ਮਰਦਮਸ਼ੁਮਾਰੀ ਦੀ ਹਾਟਲਾਈਨ ਨੂੰ 844-2020-API ਤੇ ਕਾਲ ਕਰੋ। ਵਧੇਰੇ ਜਾਣਕਾਰੀ ਲਈ www.CountUsIn2020.org/hotline ਤੇ ਜਾਓ।***

ਹਰ 10 ਸਾਲਾਂ ਵਿੱਚ, ਅਮਰੀਕੀ ਸਰਕਾਰ ਜਨਗਿਣਤੀ ਰਾਹੀਂ, ਅਮਰੀਕਾ ਵਿੱਚ ਰਹਿਣ ਵਾਲੇ *ਹਰੇਕ* ਵਿਅਕਤੀ ਦੀ ਗਿਣਤੀ ਕਰਦੀ ਹੈ। ਜਨਗਿਣਤੀ ਇੱਕ ਛੋਟੀ ਜਿਹੀ ਪ੍ਰਸ਼ਨਾਵਲੀ ਹੈ, ਜਿਸ ਵਿੱਚ ਤੁਹਾਡੇ ਘਰ ਅਤੇ ਇਸ ਵਿੱਚ ਰਹਿਣ ਵਾਲੇ ਲੋਕਾਂ ਬਾਰੇ ਬੁਨਿਆਦੀ ਜਾਣਕਾਰੀ ਪੁੱਛੀ ਜਾਂਦੀ ਹੈ। ਤੁਹਾਡੇ ਨਿੱਜੀ ਜਵਾਬ ਗੁਪਤ ਰੱਖੇ ਜਾਂਦੇ ਹਨ।

ਜਨਗਣਨਾ ਜਨਵਰੀ 2020 ਵਿਚ ਅਲਾਸਕਾ ਦੇ ਦੂਰ ਦੁਰਾਡੇ ਇਲਾਕਿਆਂ ਵਿਚ ਸ਼ੁਰੂ ਹੋਈ ਅਤੇ ਜ਼ਿਆਦਾਤਰ ਘਰਾਂ ਨੂੰ **ਮਾਰਚ 2020** ਵਿਚ ਜਵਾਬ ਦੇਣ ਦਾ ਸੱਦਾ ਮਿਲੇਗਾ।ਯਕੀਨੀ ਬਣਾਓ ਕਿ ਤੁਹਾਡੀ ਗਿਣਤੀ ਹੋ ਗਈ ਹੈ, ਤਾਂ ਜੋ ਤੁਸੀਂ ਵਸੀਲਿਆਂ ਅਤੇ ਨੁਮਾਇੰਦਗੀ ਦਾ ਆਪਣਾ **ਉਚਿਤ** ਹਿੱਸਾ ਪ੍ਰਾਪਤ ਕਰ ਸਕੋ।

## ਜਨਗਿਣਤੀ ਵਿੱਚ ਤੁਹਾਡੀ ਗਿਣਤੀ ਹੋਣ ਨਾਲ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਮਦਦ ਮਿਲਦੀ ਹੈ।

- ਜਨਗਿਣਤੀ ਤੋਂ ਪ੍ਰਾਪਤ ਸੂਚੀ ਸਕੂਲ, ਲਾਇਬ੍ਰੇਰੀਆਂ, ਫੂਡ ਸਟੈਂਪਸ ਅਤੇ ਸਿਹਤ ਦੇਖਭਾਲ ਜਿਹੀਆਂ ਮਹੱਤਵਪੂਰਨ ਸੇਵਾਵਾਂ ਲਈ ਸਰਕਾਰੀ ਪੈਸੇ ਦੇ **1.5 ਟ੍ਰਿਲੀਅਨ ਡਾਲਰ**ਵੰਡਣ ਲਈ ਵਰਤਿਆ ਜਾਂਦਾ ਹੈ।
- ਜਨਗਿਣਤੀ ਤੋਂ ਪ੍ਰਾਪਤ ਸੂਚੀ ਰਾਜਨੀਤਿਕ ਨੁਮਾਇੰਦਗੀ ਦੀ ਵੰਡ ਕਰਨ ਲਈ ਵੀ ਵਰਤਿਆ ਜਾਂਦਾ ਹੈ; ਤੁਹਾਡੇ ਖੇਤਰ ਵਿੱਚ ਜਿੰਨੇ ਵੱਧ ਲੋਕਾਂ ਦੀ ਗਿਣਤੀ ਹੋਵੇਗੀ, ਉਨੇ ਹੀ ਵੱਧ ਤੁਹਾਡੇ ਪ੍ਰਤੀਨਿਧੀ ਹੋਣਗੇ।

## ਤੁਹਾਡੇ ਨਿੱਜੀ ਜਵਾਬ ਗੁਪਤ ਰੱਖੇ ਜਾਂਦੇ ਹਨ।

ਜਨਗਣਨਾ 2020 ਤੁਹਾਡੀ ਨਾਗਰਿਕਤਾ ਜਾਂ ਇੰਮੀਗਰੇਸ਼ਨ ਸੰਬੰਧੀ ਸਵਾਲ **ਨਹੀਂ** ਪੁੱਛੇਗੀ। ਮਰਦਮਸ਼ੁਮਾਰੀ ਬਿਊਰੋ ਨੂੰ ਤੁਹਾਡੀ ਵਿਅਕਤੀਗਤ ਜਾਣਕਾਰੀ ਹੋਰਾਂ ਸਰਕਾਰੀ ਏਜੰਸੀਆਂ, ਇਮੀਗ੍ਰੇਸ਼ਨ ਅਫਸਰਾਂ ਜਾਂ ਜਨਤਾ ਨਾਲ ਸਾਂਝਾ ਕਰਨ ਦੀ ਇਜਾਜ਼ਤ ਨਹੀਂ ਹੈ। **ਮਜ਼ਬੂਤ ਕਾਨੂੰਨ ਤੁਹਾਡੇ ਜਵਾਬ ਨੂੰ ਸਾਂਝਾ ਕਰਨ ਤੋਂ ਬਚਾਉਂਦੇ ਹਨ।** ਜਨਗਿਣਤੀ ਸਬੰਧੀ ਜਵਾਬ ਸਿਰਫ਼ ਅੰਕੜਿਆਂ ਦੇ ਉਦੇਸ਼ਾਂ ਲਈ ਹੀ ਵਰਤੇ ਜਾ ਸਕਦੇ ਹਨ।

## ਜਨਗਿਣਤੀ ਦਾ ਜਵਾਬ ਤੁਰੰਤ ਅਤੇ ਅਸਾਨੀ ਨਾਲ ਦਿੱਤਾ ਜਾ ਸਕਦਾ ਹੈ।

- **ਤੁਸੀਂ ਔਨਲਾਈਨ ਜਵਾਬ ਦੇ ਸਕਦੇ ਹੋ।** ਜਨਗਿਣਤੀ ਵਿਭਾਗ **ਮਾਰਚ 2020 ਦੇ ਮੱਧ** ਵਿੱਚ ਹਿਦਾਇਤਾਂ ਭੇਜੇਗਾ। ਸਰਕਾਰੀ ਜਨਗਿਣਤੀ ਵੈਬਸਾਈਟ 'ਤੇ ਜਾਓ, ਆਪਣੇ ਪਰਿਵਾਰ ਦਾ ਪਛਾਣ ਪੱਤਰ ਦਾਖ਼ਲ ਕਰੋ ਅਤੇ ਫਿਰ ਸਵਾਲਾਂ ਦੇ ਜਵਾਬ ਦਿਓ।
- **ਤੁਸੀਂ ਫੋਨ ਰਾਹੀਂ ਜਵਾਬ ਦੇ ਸਕਦੇ ਹੋ।** ਫੋਨ ਰਾਹੀਂ ਜਨਗਿਣਤੀ ਦੇ ਜਵਾਬ ਦੇਣ ਲਈ ਜਨਗਿਣਤੀ ਵਿਭਾਗ ਨੂੰ ਫੋਨ ਕਰੋ ਅਤੇ ਜਨਗਿਣਤੀ ਬਾਰੇ ਸਵਾਲ ਪੁੱਛੋ।
- ਜੇਕਰ ਤੁਸੀਂ ਔਨਲਾਈਨ ਜਾਂ ਫੋਨ ਰਾਹੀਂ ਜਨਗਿਣਤੀ ਸਬੰਧੀ ਜਵਾਬ ਨਹੀਂ ਦਿੰਦੇ, ਤਾਂ ਜਨਗਿਣਤੀ ਵਿਭਾਗ ਤੁਹਾਨੂੰ ਡਾਕ ਰਾਹੀਂ ਇੱਕ ਕਾਗਜ਼ **ਪ੍ਰਸ਼ਨਾਵਲੀ** ਭੇਜੇਗਾ।

ਜੇਕਰ ਤੁਸੀਂ ਜਵਾਬ ਨਹੀਂ ਦਿੰਦੇ, ਤਾਂ ਮਈ 2020 ਦੇ ਸ਼ੁਰੂ ਵਿੱਚ, ਜਨਗਿਣਤੀ ਕਰਮਚਾਰੀ ਤੁਹਾਡੇ ਘਰ ਆ ਕੇ ਵਿਅਕਤੀਗਤ ਤੌਰ 'ਤੇ ਤੁਹਾਡੇ ਤੋਂ ਜਾਣਕਾਰੀ ਦੀ ਮੰਗ ਕਰ ਸਕਦਾ ਹੈ। ਤੁਸੀਂ ਤਦ ਵੀ ਜੁਲਾਈ 2020 ਤੱਕ ਔਨਲਾਈਨ ਜਾਂ ਫੋਨ ਰਾਹੀਂ ਜਵਾਬ ਦੇ ਸਕਦੇ ਹੋ।

## ਕੁਝ ਭਾਸ਼ਾਵਾਂ ਲਈ ਭਾਸ਼ਾ ਸਹਾਇਤਾ ਉਪਲਬਧ ਹੈ।

ਔਨਲਾਈਨ ਪ੍ਰਸ਼ਨਾਵਲੀ ਅਤੇ ਟੇਲੀਫੋਨ ਸਹਾਇਤਾ ਸਪੇਨੀਸ਼, ਚੀਨੀ ਭਾਸ਼ਾ, ਵੀਅਤਨਾਮੀ, ਕੋਰੀਆਈ, ਰੂਸੀ, ਅਰਬੀ, ਟੈਗਾਲੋਗ, ਪੋਲੈਂਡੀ, ਫ੍ਰਾਂਸੀਸੀ, ਹੈਤੀਅਨ, ਕ੍ਰੇਓਲ, ਪੁਰਤਗਾਲੀ ਅਤੇ ਜਾਪਾਨੀ ਵਿੱਚ ਉਪਲਬਧ ਹਨ। ਜਨਗਿਣਤੀ ਵਿਭਾਗ 59 ਗ਼ੈਰ-ਅੰਗਰੇਜ਼ੀ ਭਾਸ਼ਾਵਾਂ ਵਿੱਚ ਭਾਸ਼ਾ ਸ਼ਬਦਾਵਲੀਆਂ, ਭਾਸ਼ਾ ਪਛਾਣ ਕਾਰਡ ਅਤੇ ਭਾਸ਼ਾ ਗਾਈਡਾਂ ਤਿਆਰ ਕਰ ਰਿਹਾ ਹੈ, ਜੋ www.2020census.gov/en/languages.html ਤੇ ਉਪਲਬਧ ਹਨ।

*ਤੁਸੀਂ www.CountUsIn2020.org/resources 'ਤੇ ਜਨਗਿਣਤੀ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।*